ਲੀਗਲ ਸ਼ਾਖਾ

(ੳ) ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੇ ਹੁਕਮ ਪਿੱਠ ਅੰਕਣ ਨੰ: ਰਸਸ/ਪੇਸ਼ੀ ਸ਼ਾਖਾ/ਨ.ਲ.-1/360 ਮਿਤੀ 9.12.14 ਰਾਹੀਂ ਉਪ ਰਜਿਸਟਰਾਰ (ਲੀਗਲ), ਮੁੱਖ ਦਫ਼ਤਰ ਨੂੰ ਲੀਗਲ ਸ਼ਾਖਾ ਦਾ ਕੰਮ ਸੌਂਪਿਆ ਗਿਆ ਸੀ ਅਤੇ ਇਹ ਵੀ ਹੁਕਮ ਕੀਤੇ ਗਏ ਸਨ ਕਿ ਉਪ ਰਜਿਸਟਰਾਰ (ਲੀਗਲ), ਲੀਗਲ ਸ਼ਾਖਾ ਦੇ ਮੌਜੂਦਾ ਸਟਾਫ਼ ਪਾਸੋਂ ਕੰਮ ਲੈਣਗੇ। ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ ਹੇਠ ਲਿਖੇ ਕੰਮ ਕੀਤੇ ਜਾਂਦੇ ਹਨ:-

1) ਰ.ਸ.ਸ. ਦਫ਼ਤਰ ਦੀ ਡਾਇਰੀ ਸ਼ਾਖਾ ਤੋਂ ਪ੍ਰਾਪਤ ਹੋਈ ਡਾਕ ਤੋਂ ਮਹੱਤਵਪੂਰਣ ਜਾਣਕਾਰੀ ਦੀ ਡਿਕਟੇਸ਼ਨ ਪੰਜਾਬੀ/ਅੰਗਰੇਜ਼ੀ ਵਿੱਚ ਡੀ.ਆਰ. (ਲੀਗਲ) ਦੁਆਰਾ ਉਨ੍ਹਾਂ ਦੇ ਸਟੈਨੋ ਨੂੰ ਦਿੱਤੀ ਜਾਂਦੀ ਹੈ, ਜਿਸ ਦੁਆਰਾ ਸਿੱਧੇ ਹੀ ਇਹ ਜਾਣਕਾਰੀ ਪੰਜਾਬੀ/ਅੰਗਰੇਜ਼ੀ ਵਿੱਚ ਕੰਪਿਊਟਰ ਵਿੱਚ ਤਿਆਰ ਕੀਤੇ ਗਏ ਵੱਖ-ਵੱਖ ਫੋਲਡਰਾਂ ਵਿੱਚ ਫੀਡ ਕੀਤੀ ਜਾਂਦੀ ਹੈ। ਇਸ ਉਪਰੰਤ ਡੀ.ਆਰ. ਲੀਗਲ ਦੁਆਰਾ ਇਹ ਡਾਕ ਰ.ਸ.ਸ. ਦਫ਼ਤਰ ਦੇ ਵੱਖ-ਵੱਖ ਸੁਪਰਡੈਂਟਾਂ/ਅਧਿਕਾਰੀਆਂ ਨੂੰ ਬਣਦੀ ਜ਼ਰੂਰੀ ਕਾਰਵਾਈ ਹਿੱਤ ਮਾਰਕ ਕੀਤੀ ਜਾਂਦੀ ਹੈ।
2) ਰ.ਸ.ਸ. ਜੀ, ਰ.ਸ.ਸ. ਦਫ਼ਤਰ ਅਤੇ ਚੰਡੀਗੜ੍ਹ ਸਥਿੱਤ ਸੰਸਥਾਵਾਂ ਵਿੱਚ ਨਿਯੁਕਤ ਹੋਏ ਵਿਭਾਗੀ ਅਧਿਕਾਰੀਆਂ ਦੁਆਰਾ ਅਦਾਲਤੀ ਕੇਸਾਂ ਦੇ ਫੈਸਲੇ ਹੋਣ ਉਪਰੰਤ ਅਦਾਲਤੀ ਮਿਸਲਾਂ ਦਾ ਰਿਕਾਰਡ ਲੀਗਲ ਸ਼ਾਖਾ ਦੇ ਰਿਕਾਰਡ ਕੀਪਰ ਦੁਆਰਾ ਰਸੀਵ ਕੀਤਾ ਜਾਂਦਾ ਹੈ ਅਤੇ ਮਿਸਲਾਂ ਤੇ ਨੰਬਰ ਲਗਾਉਣ ਉਪਰੰਤ ਰਿਕਾਰਡ ਵਿੱਚ ਸ਼ਾਮਲ ਕੀਤਾ ਜਾਂਦਾ ਹੈ।
3) ਲੀਗਲ ਸ਼ਾਖਾ ਵਿੱਚ ਸੰਭਾਲੇ ਗਏ ਅਦਾਲਤੀ ਕੇਸਾਂ ਦੇ ਰਿਕਾਰਡ ਤੋਂ ਦਸਤਾਵੇਜ਼ਾਂ ਦੀ ਤਸਦੀਕਸ਼ੁਦਾ ਨਕਲ ਦੇਣ ਸਬੰਧੀ ਦਰਖਾਸਤਕਰਤਾ ਤੋਂ ਬਣਦੀ ਨਕਲ ਫੀਸ ਜਮ੍ਹਾਂ ਕਰਵਾਉਣ ਉਪਰੰਤ ਦਫ਼ਤਰ ਦੇ ਕਾਪੀ ਸਹਾਇਕ ਦੁਆਰਾ ਤਸਦੀਕਸ਼ੁਦਾ ਨਕਲ ਤਿਆਰ ਕੀਤੀ ਜਾਂਦੀ ਹੈ ਅਤੇ ਅਧਿਕਾਰਤ ਸੁਪਰਡੈਂਟ ਦੁਆਰਾ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਨਕਲਾਂ ਜਾਰੀ ਕੀਤੀਆਂ ਜਾਂਦੀਆਂ ਹਨ।

(ਅ) ਰ.ਸ.ਸ. ਜੀ ਦੇ ਹੁਕਮ ਪਿੱਠ ਅੰਕਣ ਨੰ: ਰਸਸ/ਪੇਸ਼ੀ ਸ਼ਾਖਾ/ਨ.ਲ.-3/359 ਮਿਤੀ 9.12.14 ਰਾਹੀਂ ਉਪ ਰਜਿਸਟਰਾਰ (ਲੀਗਲ) ਮੁੱਖ ਦਫ਼ਤਰ ਨੂੰ ਰ.ਸ.ਸ. ਜੀ ਦੁਆਰਾ ਲਗਾਈ ਜਾਂਦੀ ਅਦਾਲਤ ਅਤੇ ਉਨ੍ਹਾਂ ਪਾਸ ਪੇਸ਼ ਹੋਣ ਵਾਲੇ ਅਦਾਲਤੀ ਕੇਸਾਂ ਸਬੰਧੀ ਸਾਰਾ ਕੰਮ ਦਿੱਤਾ ਗਿਆ ਹੈ। ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ ਡੀ.ਆਰ. (ਲੀਗਲ) ਦੁਆਰਾ ਹੇਠ ਲਿਖੇ ਕੰਮ ਕੀਤੇ ਜਾਂਦੇ ਹਨ:-

1) ਦੀ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ, 1961 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਾਇਰ ਹੋਣ ਵਾਲੇ ਸਾਰੇ ਅਦਾਲਤੀ ਕੇਸ ਉਪ ਰਜਿਸਟਰਾਰ (ਲੀਗਲ) ਮੁੱਖ ਦਫ਼ਤਰ ਦੁਆਰਾ ਪਟੀਸ਼ਨਰਾਂ/ਦਰਖਾਸਤਕਰਤਾਵਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ।ਉਨ੍ਹਾਂ ਦੁਆਰਾ ਦੀ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ, 1961, ਦੀ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਰੂਲਜ਼, 1963, ਸਬੰਧਤ ਸਭਾ ਦੇ ਬਾਈਲਾਜ਼, ਸਬੰਧਤ ਸਭਾ ਦੇ ਸੇਵਾ ਨਿਯਮਾਂ, ਅਨੁਲੱਗ-1 ਅਤੇ ਅਨੁਲੱਗ-2 ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਅਦਾਲਤੀ ਕੇਸਾਂ ਸਬੰਧੀ ਮਿਸਲਾਂ ਤਿਆਰ ਕਰਕੇ ਰ.ਸ.ਸ. ਜੀ ਨੂੰ ਪੇਸ਼ੀ ਨਿਸ਼ਚਿਤ ਕਰਨ ਹਿੱਤ/ਕੇਸ ਮਾਰਕ ਕਰਨ ਹਿੱਤ ਪੁੱਟਅੱਪ ਕੀਤੇ ਜਾਂਦੇ ਹਨ।
2) ਉਪ ਰਜਿਸਟਰਾਰ (ਲੀਗਲ) ਤੋਂ ਮਿਸਲਾਂ ਪ੍ਰਾਪਤ ਹੋਣ ਤੇ ਰ.ਸ.ਸ. ਜੀ ਦੁਆਰਾ ਵੱਖ-ਵੱਖ ਅਦਾਲਤੀ ਕੇਸਾਂ ਸਬੰਧੀ ਪੇਸ਼ੀ ਨਿਸ਼ਚਿਤ ਕਰਨ ਦੇ ਹੁਕਮ ਕੀਤੇ ਜਾਂਦੇ ਹਨ ਜਾਂ ਸਾਲਸੀ/ਅਪੀਲ/ਰਵੀਜ਼ਨ ਕੇਸ ਚੰਡੀਗੜ੍ਹ ਜਾਂ ਖਰੜ ਦੇ ਵੱਖ-ਵੱਖ ਅਧਿਕਾਰੀਆਂ ਨੂੰ ਨਿਪਟਾਰੇ ਲਈ ਮਾਰਕ ਕੀਤੇ ਜਾਂਦੇ ਹਨ।ਇਸ ਉਪਰੰਤ ਰ.ਸ.ਸ. ਜੀ ਦੀ ਅਦਾਲਤ ਦੀ ਤਰਫ਼ ਤੋਂ ਸਬੰਧਤਾਂ ਨੂੰ ਸੰਮਨ ਜਾਰੀ ਕੀਤੇ ਜਾਂਦੇ ਹਨ/ਰ.ਸ.ਸ. ਜੀ ਤੋਂ ਮਾਰਕ ਹੋਏ ਅਦਾਲਤੀ ਕੇਸ ਨਿਪਟਾਰੇ ਲਈ ਵੱਖ-ਵੱਖ ਅਧਿਕਾਰੀਆਂ ਨੂੰ ਦਸਤੀ/ਡਾਕ ਰਾਹੀਂ ਭੇਜੇ ਜਾਂਦੇ ਹਨ।

(ੲ) ਰ.ਸ.ਸ. ਜੀ ਦੇ ਹੁਕਮ ਪਿੱਠ ਅੰਕਣ ਨੰ: ਰਸਸ/ਪੇਸ਼ੀ ਸ਼ਾਖਾ/ਨ.ਲ.-1/13032 ਮਿਤੀ 9.12.14 ਰਾਹੀਂ ਉਪ ਰਜਿਸਟਰਾਰ (ਲੀਗਲ) ਮੁੱਖ ਦਫ਼ਤਰ ਨੂੰ ਦੀ ਪੰਜਾਬ ਕੋਆਪਰੇਟਿਵ ਸੁਸਾਇਟੀਜ਼ ਐਕਟ, 1961 ਦੀ ਧਾਰਾ 63(ੲ) ਅਧੀਨ ਸਰਟੀਫਿਕੇਟ ਜਾਰੀ ਕਰਨ ਦੇ ਅਧਿਕਾਰ ਦਿੱਤੇ ਗਏ ਹਨ। ਇਨ੍ਹਾਂ ਹੁਕਮਾਂ ਦੀ ਪਾਲਣਾ ਵਿੱਚ ਉਪ ਰਜਿਸਟਰਾਰ (ਲੀਗਲ) ਦੁਆਰਾ ਦਰਖਾਸਤਕਰਤਾਵਾਂ ਤੋਂ ਅਨੁਲੱਗ-3 (ਉਦਾਹਰਣ ਦੇ ਤੌਰ ਤੇ ਪੀ.ਐਸ.ਸੀ.ਬੀ. ਦੇ ਪੱਖ ਵਿੱਚ ਸਾਲਸੀ ਫੈਸਲਾ ਹੋਣ ਤੇ)ਵਿੱਚ ਦਰਖਾਸਤ ਅਤੇ ਫੈਸਲੇ/ਅਵਾਰਡ ਦੀ ਤਸਦੀਕਸ਼ੁਦਾ ਕਾਪੀ ਪ੍ਰਾਪਤ ਕਰਨ ਉਪਰੰਤ ਐਕਟ ਦੀ ਧਾਰਾ 63 (ੲ) ਅਧੀਨ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

Gursewak Singh
18/3/15

Deputy Registrar (Legal),
Cooperative Societies,
O/o Registrar Cooperative Societies, Punjab,
17 Bays Building Sector 17, Chandigarh